# ਕੰਪਿਊਟਰ ਆਧਾਰਿਤ ਸਟੈਨੋ ਟਾਈਪਿਸਟ/ਜੂਨੀਅਰ ਸਕੇਲ ਸਟੈਨੋਗ੍ਰਾਫਰ ਟੈੱਸਟ ਲਈ ਹਦਾਇਤਾਂ

ਆਮ ਹਦਾਇਤਾਂ:-

1. ਪੰਜਾਬੀ ਸਟੈਨੋ ਟੈੱਸਟ ਲਈ ਵਿਸਤ੍ਰਿਤ ਮਾਪਦੰਡ ਹੇਠ ਲਿਖੇ ਅਨੁਸਾਰ ਹਨ -

| ਕ੍ਰਮ-ਅੰਕ | ਆਈਟਮ/ਮਦ | ਸਟੈਨੋ ਟਾਈਪਿਸਟ | ਜੂਨੀਅਰ ਸਕੇਲ ਸਟੈਨੋਗ੍ਰਾਫਰ |
|---|---|---|---|
| 1 | ਘੱਟੋ-ਘੱਟ ਯੋਗਤਾ ਮਾਪਦੰਡ | ਪੰਜਾਬੀ ਸ਼ਾਰਟਹੈਂਡ ਵਿੱਚ ਘੱਟੋ-ਘੱਟ 80 ਸ਼ਬਦ ਪ੍ਰਤੀ ਮਿੰਟ ਦੀ ਕੁਆਲੀਫਾਈਂਗ ਸਪੀਡ; ਅਤੇ ਕੰਪਿਊਟਰ ਉੱਤੇ ਪੰਜਾਬੀ ਵਿੱਚ ਵੱਧ ਤੋਂ ਵੱਧ 8% ਗਲਤੀਆਂ ਦੇ ਨਾਲ 15 ਸ਼ਬਦ ਪ੍ਰਤੀ ਮਿੰਟ ਦੀ ਟ੍ਰਾਂਸਕ੍ਰਿਪਸ਼ਨ ਸਪੀਡ। | ਪੰਜਾਬੀ ਸ਼ਾਰਟਹੈਂਡ ਵਿੱਚ ਘੱਟੋ-ਘੱਟ 100 ਸ਼ਬਦ ਪ੍ਰਤੀ ਮਿੰਟ ਦੀ ਕੁਆਲੀਫਾਈਂਗ ਸਪੀਡ; ਅਤੇ ਕੰਪਿਊਟਰ ਉੱਤੇ ਪੰਜਾਬੀ ਵਿੱਚ ਵੱਧ ਤੋਂ ਵੱਧ 8% ਗਲਤੀਆਂ ਦੇ ਨਾਲ 20 ਸ਼ਬਦ ਪ੍ਰਤੀ ਮਿੰਟ ਦੀ ਟ੍ਰਾਂਸਕ੍ਰਿਪਸ਼ਨ ਸਪੀਡ। |
| 2 | ਡਿਕਟੇਸ਼ਨ ਲਈ ਟੈੱਸਟ ਵਾਲੇ ਪੈਰ੍ਹੇ ਦੀ ਲੰਬਾਈ | 200-200 ਸ਼ਬਦਾਂ ਦੇ ਦੋ ਪੈਰ੍ਹੇ। ਹਰੇਕ ਪੈਰ੍ਹੇ ਵਿਚਲੇ ਸਾਰੇ 200 ਸ਼ਬਦ ਸਿਰਫ਼ ਇੱਕ ਪੈਰ੍ਹੇ ਦੇ ਰੂਪ ਵਿੱਚ ਦਿੱਤੇ ਗਏ ਹਨ। | 250-250 ਸ਼ਬਦਾਂ ਦੇ ਦੋ ਪੈਰ੍ਹੇ। ਹਰੇਕ ਪੈਰ੍ਹੇ ਵਿਚਲੇ ਸਾਰੇ 250 ਸ਼ਬਦ ਸਿਰਫ਼ ਇੱਕ ਪੈਰ੍ਹੇ ਦੇ ਰੂਪ ਵਿੱਚ ਦਿੱਤੇ ਗਏ ਹਨ। |
| 3 | ਡਿਕਟੇਸ਼ਨ ਸਮਾਂ | ਪਹਿਲਾ ਪੈਰ੍ਹਾ 2 ਮਿੰਟ 30 ਸਕਿੰਟ, 2 ਮਿੰਟ ਦੇ ਆਰਾਮ ਤੋਂ ਬਾਅਦ, ਦੂਜਾ ਪੈਰ੍ਹਾ 2 ਮਿੰਟ 30 ਸਕਿੰਟ | ਪਹਿਲਾ ਪੈਰ੍ਹਾ 2 ਮਿੰਟ 30 ਸਕਿੰਟ, 2 ਮਿੰਟ ਦੇ ਆਰਾਮ ਤੋਂ ਬਾਅਦ, ਦੂਜਾ ਪੈਰ੍ਹਾ 2 ਮਿੰਟ 30 ਸਕਿੰਟ |
| 4 | ਟ੍ਰਾਂਸਕ੍ਰਿਪਸ਼ਨ ਸਮਾਂ | 400 ਸ਼ਬਦਾਂ ਲਈ 27 ਮਿੰਟ | 500 ਸ਼ਬਦਾਂ ਲਈ 25 ਮਿੰਟ |
| 5 | ਡਿਕਟੇਸ਼ਨ ਲਈ ਟ੍ਰਾਇਲ ਵਾਲੇ ਪੈਰ੍ਹੇ ਦੀ ਲੰਬਾਈ | 160 ਸ਼ਬਦ | 200 ਸ਼ਬਦ |

ਸਹਾਇਕ ਡਾਇਰੈਕਟਰ
ਭਾਸ਼ਾ ਵਿਭਾਗ ਪੰਜਾਬ
ਪਟਿਆਲਾ

| | | | |
|---|---|---|---|
| 6 | ਡਿਕਟੇਸ਼ਨ ਲਈ ਟ੍ਰਾਇਲ ਵਾਲੇ ਪੈਰ੍ਹੇ ਲਈ ਸਮਾਂ | 2 ਮਿੰਟ | 2 ਮਿੰਟ |
| 7 | ਟ੍ਰਾਇਲ ਲਈ ਟ੍ਰਾਂਸਕ੍ਰਿਪਸ਼ਨ ਅਭਿਆਸ ਲਈ ਸਮਾਂ | 2 ਮਿੰਟ | 2 ਮਿੰਟ |

2. **ਅੰਗਰੇਜ਼ੀ ਸਟੈਨੋ ਟੈੱਸਟ** ਲਈ ਵਿਸਤ੍ਰਿਤ ਮਾਪਦੰਡ ਹੇਠ ਲਿਖੇ ਅਨੁਸਾਰ ਹਨ -

| ਕ੍ਰਮ-ਅੰਕ | ਆਈਟਮ/ਮਦ | ਜੂਨੀਅਰ ਸਕੇਲ ਸਟੈਨੋਗ੍ਰਾਫਰ |
|---|---|---|
| 1 | ਘੱਟੋ-ਘੱਟ ਯੋਗਤਾ ਮਾਪਦੰਡ | ਅੰਗਰੇਜ਼ੀ ਸ਼ਾਰਟਹੈਂਡ ਵਿੱਚ ਘੱਟੋ-ਘੱਟ 50 ਸ਼ਬਦ ਪ੍ਰਤੀ ਮਿੰਟ ਦੀ ਕੁਆਲੀਫਾਈਂਗ ਸਪੀਡ; ਅਤੇ ਕੰਪਿਊਟਰ ਉੱਤੇ ਅੰਗਰੇਜ਼ੀ ਵਿੱਚ ਵੱਧ ਤੋਂ ਵੱਧ 8% ਗਲਤੀਆਂ ਦੇ ਨਾਲ 10 ਸ਼ਬਦ ਪ੍ਰਤੀ ਮਿੰਟ ਦੀ ਟ੍ਰਾਂਸਕ੍ਰਿਪਸ਼ਨ ਸਪੀਡ। |
| 2 | ਡਿਕਟੇਸ਼ਨ ਲਈ ਟੈੱਸਟ ਵਾਲੇ ਪੈਰ੍ਹੇ ਦੀ ਲੰਬਾਈ | 200 ਸ਼ਬਦਾਂ ਦਾ ਇੱਕ ਪੈਰ੍ਹਾ |
| 3 | ਡਿਕਟੇਸ਼ਨ ਸਮਾਂ | 4 ਮਿੰਟ |
| 4 | ਟ੍ਰਾਂਸਕ੍ਰਿਪਸ਼ਨ ਸਮਾਂ | 20 ਮਿੰਟ |
| 5 | ਡਿਕਟੇਸ਼ਨ ਲਈ ਟ੍ਰਾਇਲ ਵਾਲੇ ਪੈਰ੍ਹੇ ਦੀ ਲੰਬਾਈ | 100 ਸ਼ਬਦ |
| 6 | ਡਿਕਟੇਸ਼ਨ ਲਈ ਟ੍ਰਾਇਲ ਵਾਲੇ ਪੈਰ੍ਹੇ ਲਈ ਸਮਾਂ | 2 ਮਿੰਟ |
| 7 | ਟ੍ਰਾਇਲ ਲਈ ਟ੍ਰਾਂਸਕ੍ਰਿਪਸ਼ਨ ਅਭਿਆਸ ਲਈ ਸਮਾਂ | 2 ਮਿੰਟ |

3. ਉਮੀਦਵਾਰਾਂ ਨੂੰ ਪੰਜਾਬੀ ਪੈਰ੍ਹੇ ਨੂੰ ਇਨਸਕ੍ਰਿਪਟ ਕੀਬੋਰਡ ਦੀ ਵਰਤੋਂ ਕਰਦੇ ਹੋਏ ਯੂਨੀਕੋਡ ਆਧਾਰਿਤ ਰਾਵੀ ਫੌਂਟ ਵਿੱਚ ਲਿਪੀਅੰਤਰਿਤ/ਟ੍ਰਾਂਸਕ੍ਰਾਈਬ ਕਰਨਾ ਹੋਵੇਗਾ। ਪੰਜਾਬੀ ਪੈਰ੍ਹਾ ਗੁਰਮੁਖੀ ਵਰਨਮਾਲਾ, ਅੰਗਰੇਜ਼ੀ ਦੇ ਅੰਕਾਂ ਅਤੇ ਵਿਰਾਮ ਚਿੰਨ੍ਹਾਂ ਤੋਂ ਲਏ ਗਏ ਅੱਖਰਾਂ ਤੋਂ ਬਣਿਆ ਹੋਵੇਗਾ।

ਸਹਾਇਕ ਡਾਇਰੈਕਟਰ
ਭਾਸ਼ਾ ਵਿਭਾਗ ਪੰਜਾਬ
ਪਟਿਆਲਾ

